ਮਿੱਠੇ ਬੱਚੇ:- "ਮਿੱਠੇ ਬੱਚੇ :- ਤੁਸੀਂ ਇਸ ਪਾਠਸ਼ਾਲਾ ਵਿੱਚ ਆਏ ਹੋ ਸਵਰਗ ਦੇ ਲਈ ਪਾਸਪੋਰਟ ਲੈਣ, ਆਤਮ - ਅਭਿਮਾਨੀ ਬਣੋ ਅਤੇ ਆਪਣਾ ਨਾਮ ਰਜਿਸਟਰ ਵਿੱਚ ਨੋਟ ਕਰਵਾ ਦੇਵੋ ਤਾਂ ਸਵਰਗ ਵਿੱਚ ਆ ਜਾਵੋਗੇ।

ਪ੍ਰਸ਼ਨ:- ਕਿਹੜੀ ਸਮ੍ਰਿਤੀ ਨਾ ਰਹਿਣ ਦੇ ਕਾਰਨ ਬੱਚੇ ਬਾਪ ਦਾ ਰਿਗਾਰਡ ਨਹੀਂ ਰੱਖਦੇ ਹਨ।

ਉੱਤਰ:- ਕਈ ਬੱਚਿਆਂ ਨੂੰ ਇਹ ਹੀ ਸਮ੍ਰਿਤੀ ਨਹੀਂ ਰਹਿੰਦੀ ਕਿ ਜਿਸਨੂੰ ਸਾਰੀ ਦੁਨੀਆਂ ਪੁਕਾਰ ਰਹੀ ਹੈ, ਯਾਦ ਕਰ ਰਹੀ ਹੈ, ਉਹ ਹੀ ਉੱਚ ਤੋਂ ਉੱਚ ਬਾਪ ਸਾਡੀ ਬੱਚਿਆਂ ਦੀ ਸੇਵਾ ਵਿੱਚ ਹਾਜ਼ਿਰ ਹੋਇਆ ਹੈ। ਇਹ ਨਿਸ਼ਚੇ ਨੰਬਰਵਾਰ ਹੈ, ਜਿਨਾਂ ਜਿਸਨੂੰ ਨਿਸ਼ਚੇ ਹੈ ਉਨ੍ਹਾਂ ਰਿਗਾਰਡ ਰੱਖਦੇ ਹਨ।

ਗੀਤ:- ਜੋ ਪਿਆ ਕੇ ਸਾਥ ਹੈ...

ਓਮ ਸ਼ਾਂਤੀ। ਸਭ ਬੱਚੇ ਗਿਆਨ ਸਾਗਰ ਦੇ ਨਾਲ ਤਾਂ ਹਨ ਹੀ। ਇਨ੍ਹੇ ਸਭ ਬੱਚੇ ਇੱਕ ਜਗ੍ਹਾ ਤੇ ਰਹਿ ਨਹੀਂ ਸਕਦੇ। ਭਾਵੇਂ ਜੋ ਨਾਲ ਹਨ ਉਹ ਨਜਦੀਕ ਤੋਂ ਡਾਇਰੈਕਟ ਗਿਆਨ ਸੁਣਦੇ ਹਨ ਅਤੇ ਜੋ ਦੂਰ ਹਨ ਉਨ੍ਹਾਂ ਨੂੰ ਦੇਰੀ ਨਾਲ ਮਿਲਦਾ ਹੈ। ਪਰ ਇਵੇਂ ਨਹੀਂ ਕਿ ਨਾਲ ਵਾਲੇ ਜ਼ਿਆਦਾ ਉੱਨਤੀ ਨੂੰ ਪਾਉਂਦੇ ਹਨ ਅਤੇ ਦੂਰ ਵਾਲੇ ਘੱਟ ਉੱਨਤੀ ਨੂੰ ਪਾਉਂਦੇ ਹਨ। ਨਹੀਂ, ਪ੍ਰੈਕਟੀਕਲ ਵੇਖਿਆ ਜਾਂਦਾ ਹੈ ਜੋ ਦੂਰ ਹਨ ਉਹ ਜ਼ਿਆਦਾ ਉੱਨਤੀ ਕਰਦੇ ਹਨ। ਇਨਾਂ ਜਰੂਰ ਹੈ ਬੇਹੱਦ ਦਾ ਬਾਪ ਇੱਥੇ ਹੈ। ਬ੍ਰਾਹਮਣ ਬੱਚੇ ਵੀ ਨੰਬਰਵਾਰ ਹਨ। ਬੱਚਿਆਂ ਨੂੰ ਦੈਵੀਗੁਣ ਵੀ ਧਾਰਨ ਕਰਨੇ ਹਨ। ਕਿਸੇ - ਕਿਸੇ ਬੱਚੇ ਤੋਂ ਵੱਡੀ - ਵੱਡੀ ਗਫ਼ਲਤ ਹੁੰਦੀ ਹੈ। ਸਮਝਦੇ ਵੀ ਹਨ ਬੇਹੱਦ ਦਾ ਬਾਪ ਜਿਸਨੂੰ ਸਾਰੀ ਸ੍ਰਿਸ਼ਟੀ ਯਾਦ ਕਰਦੀ ਹੈ, ਉਹ ਸਾਡੀ ਸੇਵਾ ਵਿੱਚ ਹਾਜ਼ਿਰ ਹੈ ਅਤੇ ਸਾਨੂੰ ਉੱਚ ਤੋਂ ਉੱਚ ਬਣਾਉਣ ਦਾ ਰਸਤਾ ਦੱਸਦੇ ਹਨ। ਬਹੁਤ ਪਿਆਰ ਨਾਲ ਸਮਝਾਉਂਦੇ ਹਨ ਫਿਰ ਵੀ ਇਨਾਂ ਰਿਗਾਰਡ ਦਿੰਦੇ ਨਹੀਂ। ਬੰਧੇਲੀਆਂ ਕਿੰਨੀ ਮਾਰ ਖਾਂਦੀਆਂ ਹਨ, ਤੜਫਦੀਆਂ ਹਨ ਫਿਰ ਵੀ ਯਾਦ ਵਿੱਚ ਰਹਿ ਚੰਗਾ ਉਠਾ ਲੈਂਦੀਆਂ ਹਨ। ਪਦਵੀ ਵੀ ਉੱਚ ਬਣ ਜਾਂਦੀ ਹੈ। ਬਾਬਾ ਸਭਦੇ ਲਈ ਨਹੀਂ ਕਹਿੰਦੇ ਹਨ। ਨੰਬਰਵਾਰ ਪੁਰਸ਼ਾਰਥ ਅਨੁਸਾਰ ਤਾਂ ਹਨ ਹੀ। ਬਾਪ ਬੱਚਿਆਂ ਨੂੰ ਸਾਵਧਾਨ ਕਰਦੇ ਹਨ, ਸਭ ਤਾਂ ਇੱਕ ਜਿਹੇ ਹੋ ਨਹੀਂ ਸਕਦੇ। ਬੰਧੇਲੀਆਂ ਆਦਿ ਬਾਹਰ ਰਹਿ ਕੇ ਵੀ ਬਹੁਤ ਕਮਾਈ ਕਰਦੀਆਂ ਹਨ। ਇਹ ਗੀਤ ਤਾਂ ਭਗਤੀ ਮਾਰਗ ਵਾਲਿਆਂ ਦਾ ਬਣਿਆ ਹੋਇਆ ਹੈ। ਪਰ ਤੁਹਾਡੇ ਲਈ ਅਰੱਥ ਕਰਨ ਵਰਗਾ ਵੀ ਹੈ, ਉਹ ਕੀ ਜਾਨਣ, ਪੀਆ ਕੌਣ ਹੈ, ਕਿਸਦਾ ਪੀਆ ਹੈ? ਆਤਮਾ ਖ਼ੁੱਦ ਨੂੰ ਹੀ ਨਹੀਂ ਜਾਣਦੀ ਤਾਂ ਬਾਪ ਨੂੰ ਕਿਵੇਂ ਜਾਨੇ। ਹੈ ਤਾਂ ਆਤਮਾ ਨਾ। ਮੈਂ ਕੀ ਹਾਂ, ਕਿਥੋਂ ਆਈ ਹਾਂ - ਇਹ ਵੀ ਪਤਾ ਨਹੀਂ ਹੈ। ਸਭ ਹਨ ਦੇਹ - ਅਭਿਮਾਨੀ। ਆਤਮ - ਅਭਿਮਾਨੀ ਕੋਈ ਹੈ ਨਹੀਂ। ਜੇਕਰ ਆਤਮ - ਅਭਿਮਾਨੀ ਬਣਨ ਤਾਂ ਆਤਮਾ ਨੂੰ ਬਾਪ ਦਾ ਵੀ ਪਤਾ ਹੋਵੇ। ਦੇਹ - ਅਭਿਮਾਨੀ ਹੋਣ ਦੇ ਕਾਰਨ ਨਾ ਆਤਮਾ ਨੂੰ, ਨਾ ਪਰਮਪਿਤਾ ਪਰਮਾਤਮਾ ਨੂੰ ਜਾਣਦੇ ਹਨ। ਇੱਥੇ ਤਾਂ ਤੁਹਾਨੂੰ ਬੱਚਿਆਂ ਨੂੰ ਬਾਪ ਬੈਠ ਖ਼ੁੱਦ ਸਮਝਾਉਂਦੇ ਹਨ। ਇਹ ਬੇਹੱਦ ਵੱਡਾ ਸਕੂਲ ਹੈ। ਇੱਕ ਹੀ ਐਮ ਅਬਜੈਕਟ ਹੈ - ਸਵਰਗ ਦੀ ਬਾਦਸ਼ਾਹੀ ਪ੍ਰਾਪਤ ਕਰਨਾ। ਸਵਰਗ ਵਿੱਚ ਵੀ ਬਹੁਤ ਪਦਵੀਆਂ ਹਨ। ਕੋਈ ਰਾਜਾ - ਰਾਣੀ ਕੋਈ ਪ੍ਰਜਾ। ਬਾਪ ਕਹਿੰਦੇ ਹਨ - ਮੈਂ ਆਇਆ ਹਾਂ ਤੁਹਾਨੂੰ ਫਿਰ ਤੋਂ ਡਬਲ ਸਿਰਤਾਜ ਬਣਾਉਣ। ਸਾਰੇ ਤਾਂ ਡਬਲ ਸਿਰਤਾਜ ਨਹੀਂ ਬਣ ਸਕਦੇ। ਜੋ ਚੰਗੀ ਤਰ੍ਹਾਂ ਪੜ੍ਹਦੇ ਹਨ ਉਹ ਆਪਣੇ ਅੰਦਰ ਵਿੱਚ ਸਮਝਦੇ ਹਨ ਅਸੀਂ ਇਹ ਬਣ ਸਕਦੇ ਹਾਂ। ਸਰੈਂਡਰ ਵੀ ਹਨ, ਨਿਸ਼ਚੇ ਵੀ ਹੈ। ਸਭ ਸਮਝਦੇ ਹਨ ਇਨ੍ਹਾਂ ਤੋਂ ਕੋਈ ਅਜਿਹਾ ਛੀ - ਛੀ ਕੰਮ ਨਹੀਂ ਹੁੰਦਾ ਹੈ। ਕਿਸੇ - ਕਿਸੇ ਵਿੱਚ ਬਹੁਤ ਅਵਗੁਣ ਹੁੰਦੇ ਹਨ। ਉਹ ਥੋੜ੍ਹੀ ਨਾ ਸਮਝਣਗੇ ਕਿ ਅਸੀਂ ਕੋਈ ਇੰਨੀ ਉੱਚੀ ਪਦਵੀ ਪਾਵਾਂਗੇ ਇਸਲਈ ਪੁਰਸ਼ਾਰਥ ਹੀ ਨਹੀਂ ਕਰਦੇ। ਬਾਪ ਨੂੰ ਪੁੱਛਣ ਕਿ ਮੈਂ ਇਹ ਬਣ ਸਕਦਾ ਹਾਂ, ਤਾਂ ਬਾਬਾ ਝੱਟ ਦੱਸਣਗੇ। ਆਪਣੇ ਨੂੰ ਵੇਖਣਗੇ ਤਾਂ ਝੱਟ ਸਮਝਣਗੇ ਬਰੋਬਰ ਮੈਂ ਉੱਚ ਪਦਵੀ ਨਹੀਂ ਪਾ ਸਕਦਾ ਹਾਂ। ਲੱਛਣ ਵੀ ਚਾਹੀਦੇ ਹਨ ਨਾ। ਸਤਿਯੁਗ - ਤ੍ਰੇਤਾ ਵਿੱਚ ਤੇ ਅਜਿਹੀਆਂ ਗੱਲਾਂ ਹੁੰਦੀਆਂ ਨਹੀਂ। ਉੱਥੇ ਹੈ ਪ੍ਰਾਲਬੱਧ। ਬਾਦ ਵਿੱਚ ਜੋ ਰਾਜੇ ਹੁੰਦੇ ਹਨ, ਉਹ ਵੀ ਪ੍ਰਜਾ ਨੂੰ ਬਹੁਤ ਪਿਆਰ ਕਰਦੇ ਹਨ। ਇਹ ਤਾਂ ਮਾਤ - ਪਿਤਾ ਹਨ। ਇਹ ਵੀ ਤੁਸੀਂ ਬੱਚੇ ਹੀ ਜਾਣਦੇ ਹੋ। ਇਹ ਤਾਂ ਬੇਹੱਦ ਦਾ ਬਾਪ ਹੈ, ਇਹ ਸਾਰੀ ਦੁਨੀਆਂ ਨੂੰ ਰਜਿਸਟਰ ਕਰਨ ਵਾਲੇ ਹਨ। ਤੁਸੀਂ ਵੀ ਰਜਿਸਟਰ ਕਰਦੇ ਹੋ ਨਾ। ਪਾਸਪੋਰਟ ਦੇ ਰਹੇ ਹੋ। ਸਵਰਗ ਦਾ ਮਾਲਿਕ ਬਣਨ ਦੇ ਲਈ ਇਥੋਂ ਤੁਹਾਨੂੰ ਪਾਸਪੋਰਟ ਮਿਲਦਾ ਹੈ। ਬਾਬਾ ਨੇ ਕਿਹਾ ਸੀ ਸਭ ਦਾ ਫੋਟੋ ਹੋਣਾ ਚਾਹੀਦਾ ਹੈ, ਜੋ ਬੈਕੁੰਠ ਦੇ ਲਾਇਕ ਹਨ ਕਿਉਂਕਿ ਤੁਸੀਂ ਮਨੁੱਖ ਤੋਂ ਦੇਵਤਾ ਬਣਦੇ ਹੋ। ਬਾਜੂ ਵਿੱਚ ਤਾਜ ਅਤੇ ਤਖ਼ਤ ਵਾਲਾ ਫੋਟੋ ਹੋਵੇ। ਅਸੀਂ ਇਹ ਬਣ ਰਹੇ ਹਾਂ। ਪ੍ਰਦਰਸ਼ਨੀ ਆਦਿ ਵਿੱਚ ਵੀ ਇਹ ਸੈਮਪਲ ਰੱਖਣਾ ਚਾਹੀਦਾ ਹੈ - ਇਹ ਹੈ ਹੀ ਰਾਜਯੋਗ। ਸਮਝੋ ਬੈਰਿਸਟਰ ਬਣਦੇ ਹਨ ਤਾਂ ਉਹ ਇੱਕ ਪਾਸੇ ਆਰਡਨਰੀ ਡਰੈਸ ਵਿੱਚ ਹੋਣ, ਇੱਕ ਪਾਸੇ ਬੈਰਿਸਟਰੀ ਡਰੈਸ। ਉਵੇਂ ਹੀ ਇੱਕ ਪਾਸੇ ਤੁਸੀਂ ਸਾਧਾਰਨ, ਇੱਕ ਪਾਸੇ ਡਬਲ ਸਿਰਤਾਜ। ਤੁਹਾਡਾ ਇੱਕ ਚਿੱਤਰ ਹੈ ਨਾ - ਜਿਸ ਵਿੱਚ ਪੁੱਛਦੇ ਹੋ ਕੀ ਬਣਨਾ ਚਾਹੁੰਦੇ ਹੋ? ਇਹ ਬੈਰਿਸਟਰ ਆਦਿ ਬਣਨਾ ਹੈ ਜਾਂ ਰਾਜਾਵਾਂ ਦਾ ਰਾਜਾ ਬਣਨਾ ਹੈ। ਇਵੇਂ ਦੇ ਚਿੱਤਰ ਹੋਣੇ ਚਾਹੀਦੇ ਹਨ। ਬੈਰਿਸਟਰ ਜੱਜ ਆਦਿ ਤਾਂ ਇੱਥੇ ਦੇ ਹਨ। ਤੁਹਾਨੂੰ ਰਾਜਿਆਂ ਦਾ ਰਾਜਾ ਨਵੀਂ ਦੁਨੀਆਂ ਵਿੱਚ ਬਣਨਾ ਹੈ। ਏਮ ਆਬਜੈਕਟ ਸਾਹਮਣੇ ਹੈ। ਅਸੀਂ ਇਹ ਬਣ ਰਹੇ ਹਾਂ। ਸਮਝਾਉਣੀ ਕਿੰਨੀ ਚੰਗੀ ਹੈ। ਚਿੱਤਰ ਵੀ ਬੜੇ ਚੰਗੇ ਹੋਣ ਫੁੱਲ ਸਾਈਜ਼ ਦੇ। ਉਹ ਬੈਰੀਸਟਰੀ ਪੜ੍ਹਦੇ ਹਨ ਤਾਂ ਯੋਗ ਬੈਰਿਸਟਰ ਨਾਲ ਹੈ। ਬੈਰਿਸਟਰ ਹੀ ਬਣਦੇ ਹਨ। ਇਨ੍ਹਾਂ ਦਾ ਯੋਗ ਪਰਮਪਿਤਾ ਪਰਮਾਤਮਾ ਨਾਲ ਹੈ ਤਾਂ ਡਬਲ ਸਿਰਤਾਜ ਬਣਦੇ ਹਨ। ਹੁਣ ਬਾਪ ਸਮਝਾਉਂਦੇ ਹਨ ਬੱਚਿਆਂ ਨੂੰ ਐਕਟ ਵਿੱਚ ਆਉਣਾ ਚਾਹੀਦਾ ਹੈ। ਲਕਸ਼ਮੀ -

ਨਾਰਾਇਣ ਦੇ ਚਿੱਤਰ ਤੇ ਸਮਝਾਉਣਾ ਬਹੁਤ ਸਹਿਜ ਹੋਵੇਗਾ। ਅਸੀਂ ਇਹ ਬਣ ਰਹੇ ਹਾਂ ਤਾਂ ਤੁਹਾਡੇ ਲਈ ਜਰੂਰ ਨਵੀਂ ਦੁਨੀਆਂ ਚਾਹੀਦੀ ਹੈ। ਨਰਕ ਦੇ ਬਾਦ ਹੈ ਸ੍ਵਰਗ।

ਹੁਣ ਇਹ ਹੈ ਪੁਰਸ਼ੋਤਮ ਸੰਗਮਯੁਗ। ਇਹ ਪੜ੍ਹਾਈ ਕਿੰਨਾ ਉੱਚ ਬਣਾਉਣ ਵਾਲੀ ਹੈ, ਇਸ ਵਿੱਚ ਪੈਸੇ ਆਦਿ ਦੀ ਲੋੜ ਨਹੀਂ ਹੈ। ਪੜ੍ਹਾਈ ਦਾ ਸ਼ੌਕ ਹੋਣਾ ਚਾਹੀਦਾ ਹੈ। ਇੱਕ ਆਦਮੀ ਬਹੁਤ ਗਰੀਬ ਸੀ, ਪੜ੍ਹਨ ਦੇ ਲਈ ਪੈਸੇ ਨਹੀਂ ਸਨ। ਫਿਰ ਪੜ੍ਹਦੇ - ਪੜ੍ਹਦੇ ਮਿਹਨਤ ਕਰਕੇ ਇੰਨਾ ਸਾਹੂਕਾਰ ਹੋ ਗਿਆ ਜੋ ਕਵੀਨ ਵਿਕਟੋਰੀਆ ਦਾ ਮਿਨਿਸਟਰ ਬਣ ਗਿਆ। ਤੁਸੀਂ ਵੀ ਹੁਣ ਕਿੰਨੇ ਗਰੀਬ ਹੋ। ਬਾਪ ਕਿੰਨਾ ਉੱਚ ਪੜ੍ਹਾਉਂਦੇ ਹਨ। ਇਸ ਵਿੱਚ ਸਿਰਫ ਬੁੱਧੀ ਨਾਲ ਬਾਪ ਨੂੰ ਯਾਦ ਕਰਨਾ ਹੈ । ਬੱਤੀ ਆਦਿ ਜਗਾਉਣ ਦੀ ਵੀ ਲੋੜ ਨਹੀਂ। ਕਿੱਥੇ ਵੀ ਬੈਠੇ ਯਾਦ ਕਰੋ। ਪਰ ਮਾਇਆ ਅਜਿਹੀ ਹੈ ਜੋ ਬਾਪ ਦੀ ਯਾਦ ਭੁਲਾ ਦਿੰਦੀ ਹੈ। ਯਾਦ ਵਿੱਚ ਹੀ ਵਿਘਨ ਪੈਂਦੇ ਹਨ। ਇਹ ਹੀ ਤਾਂ ਯੁੱਧ ਹੈ ਨਾ। ਆਤਮਾ ਪਵਿੱਤਰ ਬਣਦੀ ਹੈ ਬਾਪ ਨੂੰ ਯਾਦ ਕਰਨ ਨਾਲ। ਪੜ੍ਹਾਈ ਵਿੱਚ ਮਾਇਆ ਕੁਝ ਨਹੀਂ ਕਰਦੀ। ਪੜ੍ਹਾਈ ਤੋਂ ਯਾਦ ਦਾ ਨਸ਼ਾ ਉੱਚ ਹੈ, ਇਸਲਈ ਪ੍ਰਾਚੀਨ ਯੋਗ ਗਾਇਆ ਹੋਇਆ ਹੈ। ਯੋਗ ਅਤੇ ਗਿਆਨ ਕਿਹਾ ਜਾਂਦਾ ਹੈ। ਯੋਗ ਦੇ ਲਈ ਗਿਆਨ ਮਿਲਣਾ ਹੈ - ਇਵੇਂ - ਇਵੇਂ ਯਾਦ ਕਰੋ। ਹੋਰ ਫਿਰ ਸ੍ਰਿਸ਼ਟੀ ਚੱਕਰ ਦਾ ਵੀ ਗਿਆਨ ਹੈ। ਰਚਤਾ ਅਤੇ ਰਚਨਾ ਦੇ ਆਦਿ - ਮੱਧ - ਅੰਤ ਨੂੰ ਹੋਰ ਕੋਈ ਨਹੀਂ ਜਾਣਦੇ। ਭਾਰਤ ਦਾ ਪ੍ਰਾਚੀਨ ਯੋਗ ਸਿਖਾਉਂਦੇ ਹਨ। ਪ੍ਰਾਚੀਨ ਤਾਂ ਕਿਹਾ ਜਾਂਦਾ ਹੈ ਨਵੀਂ ਦੁਨੀਆਂ ਨੂੰ। ਉਨ੍ਹਾਂ ਨੂੰ ਫਿਰ ਲੱਖਾਂ ਵਰ੍ਹੇ ਦੇ ਦਿੱਤੇ ਹਨ । ਕਲਪ ਦੀ ਉਮਰ ਵੀ ਕਈ ਪ੍ਰਕਾਰ ਦੀ ਦੱਸਦੇ ਹਨ। ਕੋਈ ਕੀ ਕਹਿੰਦੇ, ਕੋਈ ਕੀ ਕਹਿੰਦੇ। ਇੱਥੇ ਤੁਹਾਨੂੰ ਇੱਕ ਹੀ ਬਾਪ ਪੜ੍ਹਾ ਰਿਹਾ ਹੈ। ਤੁਸੀਂ ਬਾਹਰ ਵੀ ਜਾਵੋਗੇ, ਤੁਹਾਨੂੰ ਚਿੱਤਰ ਮਿਲਣਗੇ। ਇਹ ਤਾਂ ਵਪਾਰੀ ਹੈ ਨਾ। ਬਾਬਾ ਕਹਿੰਦੇ ਕਪੜੇ ਉੱਪਰ ਛੱਪ ਸਕਦੇ ਹਨ। ਜੇਕਰ ਕਿਸੇ ਦੇ ਕੋਲ ਵੱਡੀ ਸਕਰੀਨ ਪ੍ਰੈਸ ਨਾ ਹੋਵੇ ਤਾਂ ਅੱਧਾ - ਅੱਧਾ ਕਰ ਦੇਵੋ। ਫਿਰ ਜੋਇੰਟ ਇਵੇਂ ਕਰ ਲੈਂਦੇ ਹਨ ਜੋ ਪਤਾ ਵੀ ਨਹੀਂ ਪੈਂਦਾ ਹੈ। ਬੇਹੱਦ ਦਾ ਬਾਪ, ਵੱਡੀ ਸਰਕਾਰ ਕਹਿੰਦੇ ਹਨ, ਕੋਈ ਛਪਾਕੇ ਵਿਖਾਵੇ ਤਾਂ ਮੈ ਉਨ੍ਹਾਂ ਦਾ ਨਾਮ ਬਾਲਾ ਕਰਾਂਗਾ। ਇਹ ਚਿੱਤਰ ਕਪੜੇ ਤੇ ਛਪਾਏ ਕੋਈ ਵਿਲਾਇਤ ਲੈ ਜਾਵੇ ਤਾਂ ਤੁਹਾਨੂੰ ਇੱਕ - ਇੱਕ ਚਿੱਤਰ ਦਾ ਕੋਈ 5 - 10 ਹਜ਼ਾਰ ਵੀ ਦੇ ਦੇਵੇ। ਪੈਸੇ ਤਾਂ ਉੱਥੇ ਢੇਰ ਹਨ। ਬਣ ਸਕਦੇ ਹਨ, ਇੰਨੀ ਵੱਡੀ - ਵੱਡੀ ਪ੍ਰੈਸ ਹੈ, ਸ਼ਹਿਰਾਂ ਦੀ ਸੀਨ ਸੀਨਰੀ ਇਵੇਂ - ਇਵੇਂ ਛਪਦੀ ਹੈ - ਗੱਲ ਨਾ ਪੁਛੋ। ਇਹ ਵੀ ਛਪ ਸਕਦੇ ਹਨ। ਇਹ ਤਾਂ ਅਜਿਹੀ ਫਸਟਕਲਾਸ ਚੀਜ਼ ਹੈ - ਕਹਿਣਗੇ ਸੱਚਾ ਗਿਆਨ ਤਾਂ ਇਨ੍ਹਾਂ ਵਿੱਚ ਹੀ ਹੈ, ਹੋਰ ਕਿਸੇ ਦੇ ਕੋਲ ਤਾਂ ਹੈ ਹੀ ਨਹੀਂ। ਕਿਸੇ ਨੂੰ ਪਤਾ ਹੀ ਨੀ - ਫਿਰ ਸਮਝਾਉਣ ਵਾਲਾ ਵੀ ਇੰਗਲਿਸ਼ ਵਿੱਚ ਹੁਸ਼ਿਆਰ ਚਾਹੀਦਾ। ਇੰਗਲਿਸ਼ ਤਾਂ ਸਭ ਜਾਣਦੇ ਹਨ। ਉਨ੍ਹਾਂ ਨੂੰ ਵੀ ਸੰਦੇਸ਼ ਤਾਂ ਦੇਣਾ ਹੈ ਨਾ। ਉਹ ਹੀ ਵਿਨਾਸ਼ ਅਰਥ ਨਿਮਿਤ ਬਣੇ ਹੋਏ ਹਨ ਡਰਾਮਾ ਅਨੁਸਾਰ। ਬਾਬਾ ਨੇ ਦੱਸਿਆ ਹੈ ਉਨ੍ਹਾਂ ਦੇ ਕੋਲ ਬੰਬਸ ਆਦਿ ਇਵੇਂ - ਇਵੇਂ ਦੇ ਹਨ ਜੋ ਦੋਨੋਂ ਜੇਕਰ ਆਪਸ ਵਿੱਚ ਮਿਲ ਜਾਣ ਤਾਂ ਸਾਰੇ ਵਿਸ਼ਵ ਦੇ ਮਾਲਿਕ ਬਣ ਸਕਦੇ ਹਨ। ਪਰ ਇਹ ਡਰਾਮਾ ਹੀ ਇਵੇਂ ਬਣਿਆ ਹੋਇਆ ਹੈ ਜੋ ਤੁਸੀਂ ਯੋਗਬਲ ਨਾਲ ਵਿਸ਼ਵ ਦੀ ਬਾਦਸ਼ਾਹੀ ਲੈਂਦੇ ਹੋ। ਹਥਿਆਰ ਆਦਿ ਨਾਲ ਵਿਸ਼ਵ ਦੇ ਮਾਲਿਕ ਬਣ ਨਹੀ ਸਕਦੇ। ਉਹ ਹੈ ਸਾਇੰਸ, ਤੁਹਾਡੀ ਹੈ ਸਾਈਲੈਂਸ। ਸਿਰਫ ਬਾਪ ਨੂੰ ਅਤੇ ਚੱਕਰ ਨੂੰ ਯਾਦ ਕਰੋ, ਆਪਸਮਾਨ ਬਣਾਓ।

ਤੁਸੀਂ ਬੱਚੇ ਯੋਗਬਲ ਨਾਲ ਵਿਸ਼ਵ ਦੀ ਬਾਦਸ਼ਾਹੀ ਲੈ ਰਹੇ ਹੋ। ਉਹ ਆਪਸ ਵਿੱਚ ਲੜਨਗੇ ਵੀ ਜਰੂਰ। ਮੱਖਣ ਵਿੱਚੋਂ ਤੁਹਾਨੂੰ ਮਿਲਣਾ ਹੈ। ਕ੍ਰਿਸ਼ਨ ਦੇ ਮੂੰਹ ਵਿੱਚ ਮੱਖਣ ਦਾ ਗੋਲਾ ਵਿਖਾਉਂਦੇ ਹਨ। ਕਹਾਵਤ ਵੀ ਹੈ ਦੋ ਆਪਸ ਵਿੱਚ ਲੜੇ, ਵਿੱਚੋਂ ਮੱਖਣ ਤੀਜਾ ਖਾ ਗਿਆ। ਹੈ ਵੀ ਇਵੇਂ। ਸਾਰੇ ਵਿਸ਼ਵ ਦੀ ਰਜਾਈ ਦਾ ਮੱਖਣ ਤੁਹਾਨੂੰ ਮਿਲਦਾ ਹੈ। ਤਾਂ ਤੁਹਾਨੂੰ ਕਿੰਨੀ ਖੁਸ਼ੀ ਹੋਣੀ ਚਾਹੀਦੀ ਹੈ। ਵਾਹ ਬਾਬਾ ਤੁਹਾਡੀ ਤਾਂ ਕਮਾਲ ਹੈ। ਨਾਲੇਜ ਤਾਂ ਤੁਹਾਡੀ ਹੀ ਹੈ। ਬੜੀ ਚੰਗੀ ਸਮਝਾਉਣੀ ਹੈ। ਆਦਿ ਸਨਾਤਨ ਦੇਵੀ - ਦੇਵਤਾ ਧਰਮ ਵਾਲਿਆਂ ਨੇ ਵਿਸ਼ਵ ਦੀ ਬਾਦਸ਼ਾਹੀ ਕਿਵੇਂ ਪ੍ਰਾਪਤ ਕੀਤੀ। ਇਹ ਕਿਸੇ ਨੂੰ ਵੀ ਖਿਆਲ ਵਿੱਚ ਹੋਵੇਗਾ ਨਹੀਂ। ਉਸ ਸਮੇਂ ਹੋਰ ਕੋਈ ਖੰਡ ਹੁੰਦਾ ਨਹੀਂ। ਬਾਪ ਕਹਿੰਦੇ ਹਨ ਮੈਂ ਵਿਸ਼ਵ ਦਾ ਮਾਲਿਕ ਨਹੀਂ ਬਣਦਾ, ਤੁਹਾਨੂੰ ਬਣਾਉਂਦਾ ਹਾਂ। ਤੁਸੀਂ ਪੜ੍ਹਾਈ ਤੋਂ ਵਿਸ਼ਵ ਦੇ ਮਾਲਿਕ ਬਣਦੇ ਹੋ। ਮੈਂ ਪਰਮਾਤਮਾ ਤਾਂ ਹਾਂ ਹੀ ਅਸ਼ਰੀਰੀ। ਤੁਸੀਂ ਸਭ ਨੂੰ ਸ਼ਰੀਰ ਹੈ। ਦੇਹਧਾਰੀ ਹੋ। ਬ੍ਰਹਮਾ- ਵਿਸ਼ਨੂੰ- ਸ਼ੰਕਰ ਨੂੰ ਵੀ ਸੂਕ੍ਸ਼੍ਮ ਸ਼ਰੀਰ ਹੈ। ਜਿਵੇਂ ਤੁਸੀਂ ਆਤਮਾ ਹੋ ਉਵੇਂ ਮੈਂ ਵੀ ਪਰਮ ਆਤਮਾ ਹਾਂ। ਮੇਰਾ ਜਨਮ ਦਿਵਯ ਅਤੇ ਅਲੌਕਿਕ ਹੈ, ਹੋਰ ਕੋਈ ਵੀ ਇਵੇਂ ਜਨਮ ਨਹੀਂ ਲੈਂਦੇ ਹਨ। ਇਹ ਮੁਕਰਰ ਹੈ। ਇਹ ਸਭ ਡਰਾਮਾ ਵਿੱਚ ਨੂੰਧ ਹੈ। ਕੋਈ ਹੁਣ ਮਰ ਜਾਂਦੇ ਹਨ - ਇਹ ਵੀ ਡਰਾਮਾ ਵਿੱਚ ਨੂੰਧ ਹੈ। ਡਰਾਮਾ ਦੀ ਸਮਝਾਉਣੀ ਕਿੰਨੀ ਮਿਲਦੀ ਹੈ। ਸਮਝਣਗੇ ਨੰਬਰਵਾਰ। ਕੋਈ ਤਾਂ ਡਲ ਬੁੱਧੀ ਹੁੰਦੇ ਹਨ। ਤਿੰਨ ਗ੍ਰੇਡਸ ਹੁੰਦੀ ਹੈ। ਪਿਛਾੜੀ ਦੀ ਗ੍ਰੇਡ ਵਾਲੇ ਨੂੰ ਡਲ ਕਿਹਾ ਜਾਂਦਾ ਹੈ। ਆਪ ਵੀ ਸਮਝਦੇ ਹਨ ਇਹ ਫਸਟ ਗ੍ਰੇਡ ਵਿੱਚ ਹੈ, ਇਹ ਸੇਕੇਂਡ ਵਿੱਚ ਹੈ। ਪ੍ਰਜਾ ਵਿੱਚ ਵੀ ਇਵੇਂ ਹੀ ਹੈ। ਪੜ੍ਹਾਈ ਤਾਂ ਇੱਕ ਹੀ ਹੈ। ਬੱਚੇ ਜਾਣਦੇ ਹਨ ਇਹ ਪੜ੍ਹਕੇ ਹਮ ਸੋ ਡਬਲ ਸਿਰਤਾਜ ਬਣਾਂਗੇ। ਅਸੀਂ ਡਬਲ ਸਿਰਤਾਜ ਸੀ ਫਿਰ ਸਿੰਗਲ ਤਾਜ ਫਿਰ ਨੋ ਤਾਜ ਬਣੇ। ਜਿਵੇਂ ਕਰਮ ਉਵੇਂ ਫਲ ਕਿਹਾ ਜਾਂਦਾ ਹੈ। ਸਤਯੁਗ ਵਿੱਚ ਇਵੇਂ ਨਹੀਂ ਕਹਿਣਗੇ। ਇੱਥੇ ਚੰਗੇ ਕਰਮ ਕਰਨਗੇ ਤਾਂ ਇੱਕ ਜਨਮ ਦੇ ਲਈ ਚੰਗਾ ਫਲ ਮਿਲੇਗਾ। ਕੋਈ ਅਜਿਹੇ ਕਰਮ ਕਰਦੇ ਹਨ ਜੋ ਜਨਮ ਤੋਂ ਹੀ ਰੋਗੀ ਹੁੰਦੇ ਹਨ। ਇਹ ਵੀ ਕਰਮਭੋਗ ਹੈ ਨਾ। ਬੱਚਿਆਂ ਨੂੰ ਕਰਮ, ਅਕਰਮ, ਵਿਕਰਮ ਦਾ ਵੀ ਸਮਝਾਇਆ ਹੈ। ਇੱਥੇ ਜਿਵੇਂ ਕਰਦੇ ਹਨ ਤਾਂ ਉਸ ਦਾ ਚੰਗਾ ਜਾਂ ਬੁਰਾ ਫਲ ਪਾਉਂਦੇ ਹਨ। ਕੋਈ ਸਾਹੂਕਾਰ ਬਣਦੇ ਹਨ ਤਾਂ ਜਰੂਰ ਚੰਗੇ ਕਰਮ ਕੀਤੇ ਹੋਣਗੇ। ਹੁਣ ਤੁਸੀਂ ਜਨਮ - ਜਨਮਾਂਤ੍ਰ ਦੀ ਪ੍ਰਾਲਬੱਧ ਬਣਾਉਂਦੇ ਹੋ। ਗਰੀਬ ਸਾਹੂਕਾਰ ਦਾ ਫਰਕ ਤਾਂ ਉੱਥੇ ਰਹਿੰਦਾ ਹੈ ਨਾ, ਹੁਣ ਦੇ ਪੁਰਸ਼ਾਰਥ ਅਨੁਸਾਰ। ਉਹ ਪ੍ਰਾਲਬੱਧ ਹੈ ਅਵਿਨਾਸ਼ੀ 21 ਜਨਮਾਂ ਦੇ ਲਈ। ਇੱਥੇ ਮਿਲਦਾ ਹੈ ਅਲਪਕਾਲ ਦਾ। ਕਰਮ ਤਾਂ ਚਲਦਾ ਹੈ ਨਾ। ਇਹ ਕਰਮ ਖੇਤਰ ਹੈ। ਸਤਯੁਗ ਹੈ ਸ੍ਵਰਗ ਦਾ ਕਰਮ ਖੇਤਰ। ਉੱਥੇ ਵਿਕਰਮ ਹੁੰਦਾ ਹੀ ਨਹੀਂ। ਇਹ ਸਭ ਗੱਲਾਂ ਬੁੱਧੀ ਵਿੱਚ ਧਾਰਨ ਕਰਨੀਆਂ ਹਨ। ਕੋਈ ਵਿਰਲੇ ਹੈ ਜੋ ਸਦੈਵ ਪੁਆਇੰਟਸ ਲਿਖਦੇ

ਰਹਿੰਦੇ ਹਨ। ਚਾਰਟ ਵੀ ਲਿਖਦੇ - ਲਿਖਦੇ ਫਿਰ ਥੱਕ ਜਾਂਦੇ ਹਨ। ਤੁਸੀਂ ਬੱਚਿਆਂ ਨੂੰ ਪੁਆਇੰਟਸ ਲਿਖਣੀ ਚਾਹੀਦੀ ਹੈ। ਬਹੁਤ ਮਹੀਨ - ਮਹੀਨ ਪੁਆਇੰਟਸ ਹਨ। ਜੋ ਸਭ ਤੁਸੀਂ ਕਦੀ ਯਾਦ ਨਹੀਂ ਕਰ ਸਕੋਗੇ, ਖਿਸਕ ਜਾਣਗੀਆਂ। ਫਿਰ ਪਛਤਾਉਣਗੇ ਕਿ ਇਹ ਪੁਆਇੰਟ ਤਾਂ ਅਸੀਂ ਭੁੱਲ ਗਏ। ਸਭ ਦਾ ਇਹ ਹਾਲ ਹੁੰਦਾ ਹੈ। ਭੁੱਲਦੇ ਬਹੁਤ ਹਨ ਫਿਰ ਦੂਜੇ ਦਿਨ ਯਾਦ ਪਵੇਗਾ। ਬੱਚਿਆਂ ਨੂੰ ਆਪਣੀ ਉੱਨਤੀ ਦੇ ਲਈ ਖਿਆਲ ਕਰਨਾ ਹੈ। ਬਾਬਾ ਜਾਣਦੇ ਹਨ ਕੋਈ ਵਿਰਲੇ ਯਥਾਰਥ ਰੀਤੀ ਲਿਖਦੇ ਹੋਣਗੇ। ਬਾਬਾ ਵਪਾਰੀ ਵੀ ਹੈ ਨਾ। ਉਹ ਹਨ ਵਿਨਾਸ਼ੀ ਰਤਨਾਂ ਦੇ ਵਪਾਰੀ। ਇਹ ਹੈ ਗਿਆਨ ਰਤਨਾਂ ਦੇ। ਯੋਗ ਵਿੱਚ ਹੀ ਬਹੁਤ ਬੱਚੇ ਫੇਲ ਹੁੰਦੇ ਹਨ। ਐਕੁਰੇਟ ਯਾਦ ਵਿੱਚ ਕੋਈ ਘੰਟਾ ਡੇਢ ਵੀ ਮੁਸ਼ਕਿਲ ਰਹਿ ਸਕਦੇ ਹਨ। 8 ਘੰਟਾ ਤਾਂ ਪੁਰਸ਼ਾਰਥ ਕਰਨਾ ਹੈ। ਤੁਸੀਂ ਬੱਚਿਆਂ ਨੂੰ ਸ਼ਰੀਰ ਨਿਰਵਾਹ ਵੀ ਕਰਨਾ ਹੈ। ਬਾਬਾ ਨੇ ਆਸ਼ਿਕ - ਮਾਸ਼ੂਕ ਦਾ ਵੀ ਮਿਸਾਲ ਦਿੱਤਾ ਹੈ। ਬੈਠੇ - ਬੈਠੇ ਯਾਦ ਕੀਤਾ ਅਤੇ ਝੱਟ ਸਾਹਮਣੇ ਆ ਜਾਂਦੇ ਹਨ। ਇਹ ਵੀ ਇੱਕ ਸਾਖਸ਼ਤਕਾਰ ਹੈ। ਉਹ ਉਨ੍ਹਾਂ ਨੂੰ ਯਾਦ ਕਰਦੇ। ਇੱਥੇ ਤਾਂ ਫਿਰ ਇੱਕ ਹੈ ਮਾਸ਼ੂਕ, ਤੁਸੀਂ ਸਭ ਹੋ ਆਸ਼ਿਕ। ਉਹ ਸਲੋਨਾ ਮਾਸ਼ੂਕ ਤਾਂ ਹਮੇਸ਼ਾ ਗੋਰਾ ਹੈ। ਐਵਰ ਪਿਓਰ। ਬਾਪ ਕਹਿੰਦੇ ਹਨ ਮੈ ਮੁਸਾਫ਼ਿਰ ਹਮੇਸ਼ਾ ਖ਼ੂਬਸੂਰਤ ਹਾਂ। ਤੁਹਾਨੂੰ ਵੀ ਖ਼ੂਬਸੂਰਤ ਬਣਾਉਂਦਾ ਹਾਂ। ਇਨ੍ਹਾਂ ਦੇਵਤਾਵਾਂ ਦੀ ਨੈਚੁਰਲ ਬਿਯੂਟੀ ਹੈ। ਇੱਥੇ ਤਾਂ ਕਿਵੇਂ -ਕਿਵੇਂ ਦੇ ਫੈਸ਼ਨ ਕਰਦੇ ਹਨ। ਵੱਖ - ਵੱਖ ਡਰੈਸ ਪਹਿਨਦੇ ਹਨ। ਉੱਥੇ ਤਾਂ ਇਕਰਸ ਨੈਚੁਰਲ ਬਿਉਟੀ ਰਹਿੰਦੀ ਹੈ। ਅਜਿਹੀ ਦੁਨੀਆਂ ਵਿੱਚ ਹੁਣ ਤੋਂ ਤੁਸੀਂ ਜਾਂਦੇ ਹੋ। ਬਾਪ ਕਹਿੰਦੇ ਹਨ ਮੈਂ ਪੁਰਾਣੇ ਪਤਿਤ ਦੇਸ਼, ਪਤਿਤ ਸ਼ਰੀਰ ਵਿੱਚ ਆਉਂਦਾ ਹਾਂ। ਇੱਥੇ ਪਾਵਨ ਸ਼ਰੀਰ ਹੈ ਨਹੀਂ। ਬਾਪ ਕਹਿੰਦੇ ਹਨ ਮੈਂ ਇਨਾਂ ਦੇ ਬਹੁਤ ਜਨਮਾਂ ਦੇ ਅੰਤ ਵਿੱਚ ਪ੍ਰਵੇਸ਼ ਕਰ ਪ੍ਰਵ੍ਰਿਤੀ ਮਾਰਗ ਦੀ ਸਥਾਪਨਾ ਕਰਦਾ ਹਾਂ। ਅੱਗੇ ਚਲ ਤੁਸੀਂ ਸਰਵਿਸਏਬਲ ਬਣਦੇ ਜਾਵੋਗੇ। ਪੁਰਸ਼ਾਰਥ ਕਰਨਗੇ ਫਿਰ ਸਮਝਣਗੇ। ਪਹਿਲੋਂ ਵੀ ਅਜਿਹਾ ਪੁਰਸ਼ਾਰਥ ਕੀਤਾ ਸੀ, ਹੁਣ ਕਰ ਰਹੇ ਹੋ। ਪੁਰਸ਼ਾਰਥ ਬਗੈਰ ਤਾਂ ਕੁਝ ਵੀ ਮਿਲ ਨਾ ਸਕੇ। ਤੁਸੀਂ ਜਾਣਦੇ ਹੋ ਅਸੀਂ ਨਰ ਤੋਂ ਨਾਰਾਇਣ ਬਣਨ ਦਾ ਪੁਰਸ਼ਾਰਥ ਕਰ ਰਹੇ ਹਾਂ। ਨਵੀਂ ਦੁਨੀਆਂ ਦੀ ਰਾਜਧਾਨੀ ਸੀ, ਹੁਣ ਨਹੀਂ ਹੈ, ਫਿਰ ਹੋਵੇਗੀ। ਆਇਰਨ ਏਜ਼ ਦੇ ਬਾਦ ਫਿਰ ਗੋਲਡਨ ਏਜ਼ ਜਰੂਰ ਹੋਵੇਗੀ। ਰਾਜਧਾਨੀ ਸਥਾਪਨ ਹੋਣੀ ਹੀ ਹੈ। ਕਲਪ ਪਹਿਲੇ ਮੁਅਫਿਕ। ਚੰਗਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ । ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਸਰੈਂਡਰ ਦੇ ਨਾਲ -ਨਾਲ ਨਿਸ਼ਚੇਬੁਧੀ ਬਣਨਾ ਹੈ। ਕੋਈ ਵੀ ਛੀ - ਛੀ ਕੰਮ ਨਾ ਹੋਵੇ। ਅੰਦਰ ਕੋਈ ਵੀ ਅਵਗੁਣ ਨਾ ਰਹੇ ਤਾਂ ਚੰਗੀ ਪਦਵੀ ਮਿਲ ਸਕਦੀ ਹੈ।

2. ਗਿਆਨ ਰਤਨਾਂ ਦਾ ਵਪਾਰ ਕਰਨ ਦੇ ਲਈ ਬਾਬਾ ਜੋ ਚੰਗੀ - ਚੰਗੀ ਪੁਆਇੰਟਸ ਸਣਾਉਂਦੇ ਹਨ, ਉਨ੍ਹਾਂ ਨੂੰ ਨੋਟ ਕਰਨਾ ਹੈ। ਫਿਰ ਉਨ੍ਹਾਂ ਨੂੰ ਯਾਦ ਕਰਕੇ ਦੂਜਿਆਂ ਨੂੰ ਸੁਣਾਉਣਾ ਹੈ। ਹਮੇਸ਼ਾ ਆਪਣੀ ਉੱਨਤੀ ਦਾ ਖਿਆਲ ਕਰਨਾ ਹੈ।

ਵਰਦਾਨ:- ਬਾਲਿਕ ਤੇ ਮਾਲਿਕਪਨ ਦੀ ਸਮਾਨਤਾ ਦ੍ਵਾਰਾ ਸਰਵ ਖਜਾਨਿਆਂ ਨਾਲ ਸੰਪੰਨ ਭਵ।

ਜਿਵੇਂ ਬਾਲਿਕਪਨ ਦਾ ਨਸ਼ਾ ਸਾਰਿਆਂ ਵਿਚ ਹੈ ਇਵੇਂ ਬਾਲਿਕ ਸੋ ਮਾਲਿਕ ਮਤਲਬ ਬਾਪ ਸਮਾਨ ਸੰਪੰਨ ਸਥਿਤੀ ਦਾ ਅਨੁਭਵ ਕਰੋ। ਮਾਲਿਕਪਨ ਦੀ ਵਿਸ਼ੇਸ਼ਤਾ ਹੈ - ਜਿਨਾਂ ਹੀ ਮਾਲਿਕ ਉਤਨਾ ਹੀ ਵਿਸ਼ਵ ਸੇਵਾਦਾਰੀ ਦੇ ਸੰਸਕਾਰ ਸਦਾ ਇਮਰਜ ਰੂਪ ਵਿਚ ਰਹਿਣ। ਮਾਲਿਕਪਨ ਦਾ ਨਸ਼ਾ ਅਤੇ ਵਿਸ਼ਵ ਸੇਵਾਦਾਰੀ ਦਾ ਨਸ਼ਾ ਸਮਾਨ ਰੂਪ ਵਿਚ ਹੋਵੇ ਤਾਂ ਕਹਾਂਗੇ ਬਾਪ ਸਮਾਨ। ਬਾਲਿਕ ਅਤੇ ਮਾਲਿਕ ਦੋਵੇਂ ਸਵਰੂਪ ਸਦਾ ਹੀ ਪ੍ਰਤੱਖ ਕਰਮ ਵਿਚ ਆ ਜਾਣ ਤਾਂ ਬਾਪ ਸਮਾਨ ਸਰਵ ਖਜਣਾਇਆਂ ਨਾਲ ਸੰਪੰਨ ਸਥਿਤੀ ਦਾ ਅਨੁਭਵ ਕਰ ਸਕਣਗੇ।

ਸਲੋਗਨ:- ਗਿਆਨ ਦੇ ਅਖੁਟ ਖਜਾਨਿਆਂ ਦੇ ਅਧਿਕਾਰੀ ਬਣੋ ਤਾਂ ਅਧੀਨਤਾ ਖਤਮ ਹੋ ਜਾਵੇਗੀ।

******

ਅਵਿਅਕਤ ਇਸ਼ਾਰੇ:- ਖੁਦ ਅਤੇ ਸਭ ਦੇ ਪ੍ਰਤੀ, ਮਨਸਾ ਦ੍ਵਾਰਾ ਯੋਗ ਦੀਆਂ ਸ਼ਕਤੀਆਂ ਦਾ ਪ੍ਰਯੋਗ ਕਰੋ।

ਜਿਵੇਂ ਵਾਚਾ ਸੇਵਾ ਨੈਚਰੂਲ ਹੋ ਗਈ ਹੈ, ਇਵੇਂ ਮਨਸਾ ਸੇਵਾ ਵੀ ਨਾਲ - ਨਾਲ ਅਤੇ ਨੈਚੁਰਲ ਹੋਵੇ। ਵਾਣੀ ਦੇ ਨਾਲ ਮਨਸਾ ਸੇਵਾ ਵੀ ਕਰਦੇ ਰਹੋ ਤਾਂ ਤੁਹਾਨੂੰ ਬੋਲਣਾ ਘੱਟ ਪਵੇਗਾ। ਬੋਲਣ ਵਿਚ ਜੋ ਐਨਰਜੀ ਲਗਾਉਂਦੇ ਹੋ ਉਹ ਮਨਸਾ ਸੇਵਾ ਦੇ ਸਹਿਯੋਗ ਕਾਰਨ ਵਾਣੀ ਦੀ ਐਨਰਜੀ ਜਮਾ ਹੋਵੇਗੀ ਅਤੇ ਮਨਸਾ ਦੀ ਸ਼ਕਤੀਸ਼ਾਲੀ ਸੇਵਾ ਸਫਲਤਾ ਜਿਆਦਾ ਅਨੁਭਵ ਕਰਵਾਏਗੀ।